# 2ND GRADE FINAL EXAM STUDY GUIDE CLASS OF 2013-14

ਨਾਂਵ ਦੀਆਂ ਕਿਸਮਾਂ: ਆਮ ਨਾਂਵ, ਖਾਸ ਨਾਂਵ, ਇਕੱਠਵਾਚਕ ਨਾਂਵ, ਵਸਤੂਵਾਚਕ ਨਾਂਵ, ਭਾਵਵਾਚਕ ਨਾਂਵ , ਪੜਨਾਂਵ **ਨੂੰ ਚੁਣੋ।**

From below 2 sakhis one sakhi will be on test to pick NOUNS, TYPES OF NOUNS, PRONOUNS.Make sure you know types of nouns very well.

## ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਸਾਡੇ ਦਸਵੇਂ ਗੁਰੂ ਸਨ। ਆਪ ਜੀ ਦਾ ਜਨਮ ਪਟਨਾ ਸ਼ਹਿਰ ਵਿਖੇ ਦਿਸੰਬਰ ੨੨, ੧੬੬੬ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਗ੍ਰਹਿ ਮਾਤਾ ਗੁਜਰੀ ਜੀ ਦੇ ਕੁਖੋਂ ਹੋਇਆ। ਜਨਮ ਤੋਂ ਆਪ ਜੀ ਦਾ ਨਾਮ ਗੋਬਿੰਦ ਰਾਏ ਰਖਿਆ ਗਿਆ।

ਗੁਰੂ ਜੀ ਨੂੰ ਬਚਪਨ ਵਿੱਚ ਹੀ ਕਈ ਭਾਸ਼ਾਵਾ ਤੇ ਹਥਿਆਰ ਵਿਦਿਆ ਦੇਣੀ ਸ਼ੁਰੂ ਕਰ ਦਿਤੀ ਗਈ ਸੀ। ਆਪ ਜੀ ਬਚਪਨ ਵਿੱਚ ਬਾਲਕਾਂ ਦੀ ਫੌਜ ਬਣਾ ਲੈਂਦੇ, ਨਕਲੀ ਹਥਿਆਰਾਂ ਨਾਲ ਨਕਲੀ ਜੰਗ ਕਰਾਉਦੇ ਸਨ। ਕਿਸੇ ਦੇ ਅਗੇ ਸਿਰ ਝੁਕਾਉਣਾ ਤਾਂ ਉਹ ਜਾਣਦੇ ਹੀ ਨਹੀਂ ਸੀ।

ਪੰਜ ਸਾਲ ਦੀ ਉਮਰ ਤੇ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਰਵਾਰ ਨੂੰ ਅਨੰਦਪੁਰ ਸੱਦ ਭੇਜਿਆ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਦ ਆਪ ਜੀ ਨੂੰ ੯ ਸਾਲ ਦੀ ਉਮਰ ਤੇ ਗੁਰ ਗੱਦੀ ਪ੍ਰਾਪਤ ਹੋਈ। ਆਪ ਜੀ ਦਾ ਵਿਆਹ ਮਾਤਾ ਸੁੰਦਰ ਕੌਰ ਜੀ ਨਾਲ ਹੋਇਆ। ਆਪ ਜੀ ਦੇ ਘਰ ਚਾਰ ਪੁੱਤਰਾਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਫਤਿਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਨੇ ਜਨਮ ਲਿਆ।

੧੬੯੯ ਦੀ ਵੈਸਾਖੀ ਤੇ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਆਨੰਦਪੁਰ ਆਉਣ ਵਾਸਤੇ ਹੁਕਮਨਾਮਾ ਜਾਰੀ ਕਰ ਦਿੱਤਾ, ਜਿਸ ਨੂੰ ਪੜ੍ਹ ਕੇ ਦੂਰੋਂ-ਦੂਰੋਂ ਸੰਗਤਾਂ ਆਨੰਦਪੁਰ ਪਹੁੰਚ ਗਈਆਂ। ਗੁਰੂ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰੇ ਸਾਜੇ ਅਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਆਪ ਵੀ ਅੰਮ੍ਰਿਤ ਛੱਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।ਗੁਰੂ ਗੋਬਿੰਦ ਸਿੰਘ ਜੀ ਨੇ ਮਜਲੂਮਾਂ ਦੀ ਰਖਿਆ ਕਰਨ ਲਈ ਖਾਲਸਾ ਨੂੰ ਜੰਗੀ ਪਧਰ ਤੇ ਤਿਆਰ ਕੀਤਾ ਅਤੇ ਮੁਗ਼ਲਾਂ ਨਾਲ ਅਨੇਕਾਂ ਜੰਗਾਂ ਲੜੀਆਂ। ਗੁਰੂ ਜੀ ਨੇ ਪੰਥ ਦੀ ਖਾਤਿਰ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ।ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਤੂਬਰ ੩, ੧੭੦੮ ਵਿੱਚ ਗੁਰ ਗੱਦੀ ਬਖਸ਼ਕੇ ਦੇਹਧਾਰੀ ਗੁਰੂ ਦਾ ਪ੍ਰਚਲਨ ਖਤਮ ਕਰ ਦਿਤਾ। ਇਸ ਪ੍ਰਕਾਰ ਗੁਰੂ ਜੀ ਨੇ ਸਿੱਖਾਂ ਨੂੰ ਆਦੇਸ਼ ਦਿਤਾ ਕਿ ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ

## ਮਹਾਰਾਜਾ ਰਣਜੀਤ ਸਿੰਘ ਦਾ ਇਨਸਾਫ

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਕੋਲ ਕੁਝ ਮੁਸਲਮਾਨ ਫ਼ਰਿਆਦ ਲੈ ਕੇ ਆਏ। ਉਨ੍ਹਾਂ ਕਿਹਾ, " ਮਹਾਰਾਜ, ਸਾਡੇ ਪਿੰਡ ਦੇ ਹਿੰਦੂ ਤੇ ਸਿੱਖ ਮਸੀਤ ਵਿੱਚ ਬਾਂਗ ਨਹੀਂ ਦੇਣ ਦੇਂਦੇ। ਸਾਡੇ ਧਰਮ ਵਿੱਚ ਇਨ੍ਹਾਂ ਨੂੰ ਦਖ਼ਲ ਦੇਣ ਦਾ ਕੀ ਹੱਕ ਹੈ? ਤੁਸੀ ਇਨਸਾਫ਼ ਕਰੋ।"

ਮਹਾਰਾਜ ਨੇ ਪਿੰਡ ਦੇ ਹਿੰਦੂਆਂ ਤੇ ਸਿੱਖਾਂ ਨੂੰ ਬੁਲਾ ਕੇ ਪੁਛਿਆ, "ਤੁਸੀਂ ਇਨ੍ਹਾਂ ਨੂੰ ਮਸੀਤ ਵਿੱਚ ਬਾਂਗ ਦੇਣੋ ਕਿਉਂ ਰੋਕਦੇ ਹੋ?"ਉਨ੍ਹਾਂ ਨੇ ਕਿਹਾ, "ਮਹਾਰਾਜ, ਜਦੋਂ ਇਨ੍ਹਾਂ ਦਾ ਰਾਜ ਸੀ ਤਾਂ ਇਹ ਸਾਨੂੰ ਮੰਦਰਾਂ ਗੁਰਦੁਆਰਿਆਂ ਵਿੱਚ ਭਜਨ ਕੀਰਤਨ ਨਹੀਂ ਕਰਨ ਦੇਂਦੇ ਸਨ। ਇਸ ਲਈ ਸਾਨੂੰ ਇਨ੍ਹਾਂ ਨਾਲ ਨਫ਼ਰਤ ਹੈ। ਜਦੋਂ ਮੁੱਲਾਂ ਬਾਂਗ ਦੇਂਦਾ ਹੈ ਤਾਂ

ਸਾਨੂੰ ਉਹ ਅਵਾਜ਼ ਚੰਗੀ ਨਹੀਂ ਲਗਦੀ। ਸਾਨੂੰ ਆਪਣੇ ਕੰਨਾਂ ਵਿੱਚ ਉਂਗਲੀਆਂ ਦੇਣੀਆ ਪੈਂਦੀਆਂ ਹਨ। ਫੇਰ ਇਕ ਦੋ ਵਾਰੀ ਨਹੀਂ, ਦਿਨ ਵਿੱਚ ਪੰਜ ਵਾਰੀ ਬਾਂਗ ਦੇਂਦਾ ਹੈ। ਅਸੀਂ ਇਹ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੇ।”
ਕੁਝ ਸੋਚ ਕੇ ਮਹਾਰਾਜਾ ਨੇ ਮੁਸਲਮਾਨਾਂ ਨੂੰ ਪੁੱਛਿਆ, “ਬਾਂਗ ਦਾ ਕੀ ਭਾਵ ਹੈ?” ਮੁਸਲਮਾਨਾਂ ਨੇ ਕਿਹਾ, “

ਮਹਾਰਾਜ! ਬਾਂਗ ਦੇ ਕੇ ਅਸੀਂ ਆਪਣੇ ਮੁਸਲਮਾਨ ਭਰਾਵਾਂ ਨੂੰ ਨਮਾਜ਼ ਪੜ੍ਹਨ ਲਈ ਮਸੀਤ ਵਿੱਚ ਬੁਲਾਉਂਦੇ ਹਾਂ। ਜੇ ਉਹ ਮਸੀਤ ਨਾ ਪਹੁੰਚ ਸਕਣ ਤਾਂ ਜਿੱਥੇ ਵੀ ਹੋਣ ਨਮਾਜ਼ ਪੜ੍ਹ ਲੈਂਦੇ ਹਨ।”
ਮਹਾਰਾਜ ਨੇ ਕਿਹਾ, “ਜੇ ਇਸ ਕੰਮ ਲਈ ਕੋਈ ਹੋਰ ਸਾਧਨ ਵਰਤ ਲਿਆ ਜਾਏ ਤਾਂ ਤੁਹਾਨੂੰ ਕੋਈ ਇਤਰਾਜ਼ ਤੇ ਨਹੀਂ?” ਮੁਸਲਮਾਨਾਂ ਨੇ ਕਿਹਾ, “ਜੀ ਨਹੀਂ, ਸਾਨੂੰ ਕੋਈ ਇਤਰਾਜ਼ ਨਹੀਂ।”
ਫੇਰ ਮਹਾਰਾਜ ਨੇ ਹਿੰਦੂਆਂ ਤੇ ਸਿਖਾਂ ਨੂੰ ਕਿਹਾ, “ਤੁਸੀਂ ਪਿੰਡ ਦੇ ਮੁਸਲਮਾਨਾਂ ਨੂੰ ਪੰਜ ਵੇਲੇ ਨਮਾਜ਼ ਦਾ ਸੱਦਾ ਦੇਣ ਦੀ ਜ਼ਿਮੇਵਾਰੀ ਲੈ ਲਓ। ਫੇਰ ਇਹ ਮਸੀਤ ਵਿੱਚ ਬਾਂਗ ਨਹੀਂ ਦੇਣਗੇ।”
ਹਿੰਦੂ ਸਿੱਖ ਝਟ ਬੋਲ ਪਏ, “ਸਰਕਾਰ! ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਅਸੀਂ ਕਿਸ ਤਰ੍ਹਾਂ ਘਰ ਘਰ ਜਾ ਕੇ ਸਾਰਿਆਂ ਮੁਸਲਮਾਨਾਂ ਨੂੰ ਨਮਾਜ਼ ਦਾ ਸੱਦਾ ਦੇ ਸਕਦੇ ਹਾਂ।”
ਮਹਾਰਾਜ ਨੇ ਕਿਹਾ, “ਜੇ ਤੁਸੀਂ ਇਹ ਕੰਮ ਨਹੀਂ ਕਰ ਸਕਦੇ ਤਾਂ ਮੁੱਲਾਂ ਨੂੰ ਆਪਣਾ ਤਰੀਕਾ ਵਰਤਣ ਦਿਓ।”

**Below sentences will be on the test , to pick VERBS, AUXILARY VERBS OR CHANGE INTO TENSES , TYPES OF TENSES, GENDER CHANGE, MAKING SINGULAR OR PLURAL , FINDING NOUNS, PRONOUNS, MATCHING GENDERS OR WRITING OPPOSITE GENDER, MATCHING SINGULAR PLURAL OR WRITING SINGULAR OR PLURAL.OR MAKE SIMPLE SENTENCES USING WORDS.** ਕਿਰਿਆ, ਸਹਾਇਕ ਕਿਰਿਆ, ਕਾਲ, ਕਾਲ ਦੀਆਂ ਕਿਸਮਾਂ: ਭੂਤਕਾਲ:,

ਵਰਤਮਾਨ ਕਾਲ:, ਭਵਿੱਖਤ ਕਾਲ, ਲਿੰਗ, ਪੁਲਿੰਗ, ਇੱਕ-ਵਚਨ ਅਤੇ ਬਹੁ-ਵਚਨ

EXAMPLE : ਤਾਇਆ ਦੁੱਧ ਪੀਂਦਾ ਹੈ।

↓ ↓

**Change Gender:** **ਤਾਈ ਦੁੱਧ ਪੀਂਦੀ ਹੈ।**

EXAMPLE : ਚਰਖਾ ਕਾਲਾ ਹੈ।

↓ ↓ ↓

**Change into plural :** **ਚਰਖੇ ਕਾਲੇ ਹਨ।**

EXAMPLE: ਦੋਹਤਾ ਕਵਿਤਾ ਸੁਣਾ ਰਿਹਾ ਹੈ ।

**Change into <u>future sentence</u>:** **ਦੋਹਤਾ ਕਵਿਤਾ ਸੁਣਾਵੇਗਾ ।**

ਦਾਦਾ ਹਾਕੀ ਖੇਡਦਾ ਹੈ ।
ਮੇਰਾ ਮੁਕਾਬਲਾ ਕੌਣ ਕਰਨ ਵਾਲਾ ਹੈ ।
ਮੇਰੇ ਕੋਲ ਦੋ ਕਲਮਾਂ ਹਨ ।
ਮਨਜੋਤ ਪਤਲਾ ਮੁੰਡਾ ਹੈ ।
ਉੱਥੇ ਕੇਵਲ ਚਾਰ ਲੋਕ ਹਾਜ਼ਰ ਸਨ ।
ਅਸੀਂ ਤਿੰਨ ਗੈਲਨ ਦੁੱਧ ਲਿਆ ।
ਰਾਜਾ ਸਕੂਲ ਜਾਂਦਾ ਹੈ।
ਮੈਂ ਸੌਕਰ ਖੇਡਾਗਾਂ।
ਮਾਮਾ ਗੁਰਦੁਆਰੇ ਆਇਆ ਸੀ।
ਤਾਏਗਾਣਾ ਗਾਉਂਦੇ ਹਨ।

ਮੇਰੇ ਹੱਥ ਨਰਮ ਹਨ।
ਮੇਰੀ ਭੈਣ ਦੂਸਰੀ ਜਮਾਤ ਵਿੱਚ ਪੜਦੀ ਹੈ।
ਸ਼ੇਰ ਨੇ ਪਾਣੀ ਪੀਤਾ।
ਸਿਪਾਹੀ ਵੀਰਤਾ ਨਾਲ ਲੜੇ।
ਪੁੱਤਰ <u>ਖੇਡ ਰਹੇ</u> ਹਨ।
ਅਸੀਂ <u>ਪੜ੍ਹਦੇ</u> ਹਾਂ।
ਭੈਣ ਨੇ ਦੁੱਧ ਰਿੜਕਿਆ <u>ਸੀ</u>।
ਚਾਚਾ ਜੀ ਹਲ ਵਾਹ ਰਹੇ <u>ਸਨ</u>
ਨਾਨੀ ਨੇ ਪਾਠ ਯਾਦ ਕੀਤਾ ।
ਤਾਇਆ ਦੁੱਧ ਪੀਂਦਾ ਹੈ ।
ਮੁੰਡੇ ਪੜ੍ਹ ਰਹੇ ਹਨ ।
ਮਾਸੜ ਫਲ ਵੇਚਦਾ ਹੈ ।
ਦੋਹਤਾ ਕਵਿਤਾ ਸੁਣਾ ਰਿਹਾ ਹੈ ।
ਚਿੜੀਆਂ ਗੀਤ ਗਾ ਰਹੀਆਂ ਹਨ ।
ਹਰਮਨ ਲਿਖ ਰਿਹਾ ਹੈ ।

ਕਬੂਤਰ ਉਡਦੇ ਹਨ ।
ਪਤੰਗ ਅਕਾਸ਼ ਵਿੱਚ ਉਡਦੀ ਹੈ ।
ਦੁੱਧ *ਮਿੱਠਾ* ਹੈ।
ਚਰਖਾ *ਕਾਲਾ* ਹੈ।
ਸ਼ੇਰ *ਤੇਜ* ਦੌੜਦਾ ਹੈ।
ਅਸੀਂ ਸਾਰੇ ਮੇਲੇ ਜਾ ਰਹੇ ਹਾਂ ।
ਸੱਸ ਦੌੜਦੀ ਹੈ ।
ਕਿਸਾਨ ਖੇਤ ਵਿੱਚ ਹਲ ਚਲਾਉਣਗੇ ।
ਮੈ ਅਮਰੀਕਾ ਵਿੱਚ ਰਹਿੰਦਾ ਸੀ ।
ਮੈਂ ਵੱਡਿਆਂ ਦੀ ਇੱਜਤ ਕਰਦਾ ਹਾਂ ।
ਦੁਕਾਨਦਾਰ ਗਾਹਕਾਂ ਨੂੰ ਲੁੱਟ ਰਹੇ ਹਨ ।

ਮਾਸੜ -ਬਿੱਲੀ -ਮੁੰਡਾ-ਪਿਤਾ-ਦਾਦਾ-ਨਾਨੀ-ਸੱਪ-ਸ਼ੇਰ-

ਤਾਇਆ - ਭੂਆ -ਸੱਸ

| | |
|---|---|
| ਮਾਮਾ | ਮਾਮੀ |
| ਰਾਜਾ | ਰਾਣੀ |
| ਚਾਚਾ | ਚਾਚੀ |
| ਕੁੱਕੜ | ਕੁੱਕੜੀ |
| ਪਤੀ | ਪਤਨੀ |

Make simple sentence using below words:

ਪਾਲਕੀ  – ਬਿੱਲੀਆਂ– ਕਾਰ  –ਚਿੜੀਆਂ–

ਦਾਦਾ–ਚਾਚੀ–ਮੋਰ–ਸ਼ੇਰਨੀਆਂ–ਕਮੀਜ਼

ਸਿਰ –ਸੋਫਾ –ਚਾਬੀ – ਬਤਖ਼ – ਬੱਚਾ –ਚਰਖਾ –

ਮਾਮਾ –ਮਾਸੀ –ਹਾਥੀ–ਦਰਵਾਜਾ –ਚਾਦਰ –

ਵੇਲਣਾ–ਮੰਜਾ –ਤਾਇਆ – ਪੁੱਤਰਾਂ–ਮਿੱਤਰ –

ਪਤੰਗਾਂ–ਕਾਪੀ – ਰੁਮਾਲਾਂ–ਪੁੱਤਰ –ਮੱਝਾਂ–ਦਰਿਆ–

ਪਰਾਤਾਂ–ਪਿੰਡ – ਤਾਏ–ਥਾਲ – ਕਾਪੀਆਂ–ਦਰਖ਼ਤ–

ਪਿੰਡਾਂ–ਰੁਮਾਲ –ਦਰਿਆਵਾਂ–ਪਰਾਤ–ਦਰਖ਼ਤਾਂ–ਪਤੰਗ–

ਥਾਲਾਂ–ਮੱਝ–ਮਿੱਤਰਾਂ